# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਹੋਲੇ ਮਹੱਲੇ ਕਰਕੇ ਸ੍ਰੀ ਆਨੰਦਪੁਰ ਸਾਹਿਬ ਦੇ ਤਿੰਨ ਪਰੀਖਿਆ ਕੇਂਦਰ ਦੋ ਦਿਨਾਂ ਲਈ ਤਬਦੀਲ

ਐੱਸ.ਏ.ਐੱਸ.ਨਗਰ: 22 ਫਰਵਰੀ ( ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰੈਸ ਨੂੰ ਭੇਜੀ ਗਈ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਏ ਜਾਣ ਕਰਕੇ ਤਿੰਨ ਪ੍ਰੀਖਿਆ ਕੇਂਦਰਾਂ , ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ, ਅਨੰਦਪੁਰ ਸਾਹਿਬ (ਰੂਪ ਨਗਰ), ਐਸ.ਜੀ.ਐਸ.ਖਾਲਸਾ, ਸੀਨੀਅਰ ਸੈਕੰਡਰੀ ਸਕੂਲ, ਅਨੰਦਪੁਰ ਸਾਹਿਬ (ਰੂਪ ਨਗਰ), ਸਰਕਾਰੀ ਆਦਰਸ਼ ਸਕੂਲ, ਲੱਧੀ ਪੁਰ(ਰੂਪ ਨਗਰ), ਨੂੰ ਬਦਲ ਕੇ ਗੁਰੂ ਤੇਗ ਬਹਾਦਰ ਪੋਲੀਟੈਕਨੀਕਲ ਕਾਲਜ, ਆਗੰਮਪੁਰ ਰੋਡ, ਸ੍ਰੀ ਆਨੰਦਪੁਰ ਸਾਹਿਬ (ਰੂਪ ਨਗਰ) ਵਿਖੇ ਨਵਾਂ ਪ੍ਰੀਖਿਆ ਕੇਂਦਰ ਕੇਵਲ ਮਿਤੀ 28.02.2018 ਤੋਂ ਮਿਤੀ 01.03.2018 (2 ਦਿਨ) ਤੱਕ ਸਥਾਪਿਤ ਕੀਤਾ ਗਿਆ ਹੈ। ਮਿਤੀ 03.03.2018 ਤੋਂ 31.03.2018 ਤੱਕ ਹੋਣ ਵਾਲੀ ਪ੍ਰੀਖਿਆ ਪਹਿਲਾਂ ਤੋਂ ਨਿਰਧਾਰਿਤ ਕੇਂਦਰਾਂ ਵਿੱਚ ਹੀ ਹੋਵੇਗੀ। ਬੋਰਡ ਦੇ ਬੁਲਾਰੇ ਨੇ ਦੱਸਿਆ ਉਪਰੋਕਤ ਪ੍ਰੀਖਿਆ ਕੇਂਦਰਾਂ ਵਿੱਚ ਅਪੀਅਰ ਹੋਣ ਵਾਲੇ ਰੈਗੂਲਰ, ਪ੍ਰਾਈਵੇਟ ਅਤੇ ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ 2 ਦਿਨਾਂ ਦੀ ਪ੍ਰੀਖਿਆ ਗੁਰੂ ਤੇਗ ਬਹਾਦਰ ਪੋਲੀਟੈਕਨੀਕਲ ਕਾਲਜ, ਆਗੰਮਪੁਰ ਰੋਡ, ਸ੍ਰੀ ਆਨੰਦਪੁਰ ਸਾਹਿਬ (ਰੂਪ ਨਗਰ) ਵਿਖੇ ਦੇਣ।

ਮਿਤੀ:-22-02-2018

ਕੋਮਲ ਸਿੰਘ
ਲੋਕ ਸੰਪਰਕ ਦਫ਼ਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner